X-2/2110 7555/NL

# ਪੰਜਾਬੀ ਲਾਜ਼ਮੀ-307

## ਸਮੈਸਟਰ- ਤੀਜਾ

ਸਮਾਂ- 3 ਘੰਟੇ ਕੁੱਲ ਅੰਕ- 75

### ਭਾਗ-ੳ

1. ਕੋਈ ਇੱਕ ਪ੍ਰਸ਼ਨ ਕਰੋ।

1) ਕੁਲਵੰਤ ਸਿੰਘ ਵਿਰਕ ਦੀ ਕਹਾਣੀ ਉਜਾੜ ਦਾ ਸੰਖੇਪ ਸਾਰ ਲਿਖੋ।

2) ਜਿੰਦਰ ਦੀ ਕਹਾਣੀ ਦਰਦ ਦਾ ਕੀ ਵਿਸ਼ਾ ਹੈ?

3) ਜਸਵਿੰਦਰ ਸਿੰਘ ਦੀ ਕਹਾਣੀ ਕਸਤੂਰੀ ਦਾ ਵਿਸ਼ਾ ਵਸਤੂ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ।

2. ਹੇਠ ਲਿਖੇ ਪਾਤਰਾਂ ਵਿੱਚੋਂ ਇੱਕ ਦਾ ਪਾਤਰ ਚਿਤਰਨ ਕਰੋ।

1) ਆਲਾ ਸਿੰਘ

2) ਅਜਾਇਬ

3) ਸੁਰੀਤ

### ਭਾਗ- ਅ

3. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਦਿਓ।

ਪੰਜਾਬੀ ਯੂਨੀਵਰਸਿਟੀ , ਪਟਿਆਲਾ ਦਾ ਮੁੱਢਲਾ ਉਦੇਸ਼ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦਾ ਵਿਕਾਸ ਕਰਨਾ ਹੈ। ਇਸ ਲਈ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੀ ਪ੍ਰਫੁੱਲਤਾ ਲਈ ਹਰ ਕਿਸਮ ਦੀਆਂ ਲੋੜਾਂ ਦੀ ਪੂਰਤੀ ਲਈ ਯੂਨੀਵਰਸਿਟੀ ਨੇ ਕਈ ਪ੍ਰੋਗਰਾਮ ਉਲੀਕੇ ਹਨ। ਸਮੇਂ ਦੇ ਹਾਣ ਦੀਆਂ ਪਾਠ ਪੁਸਤਕਾਂ ਦੀ ਤਿਆਰੀ ਅਤੇ ਪ੍ਰਕਾਸ਼ਨ ਇਨ੍ਹਾਂ ਨੀਤੀਆ ਦਾ ਹੀ ਪਸਾਰ ਹੈ। ਲਗਭਗ ਹਰ ਵਿਸ਼ੇ ਵਿੱਚ ਪੰਜਾਬੀ ਵਿੱਚ ਨਵੀਆਂ ਪੁਸਤਕਾਂ ਤਿਆਰ ਕੀਤੀਆਂ ਜਾ ਰਹੀਆਂ ਹਨ। ਇਹ ਪੁਸਤਕਾਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰਦੇ ਵਿਕਾਸ ਵਿੱਚ ਆਪਣਾ ਬਹੁਮੁੱਲਾ ਯੋਗਦਾਨ ਪਾ ਰਹੀਆਂ ਹਨ।

4. ਪੰਜਾਬੀ ਦੀਆਂ ਵਿਆਕਰਨਕ ਇਕਾਈਆਂ ਬਾਰੇ ਜਾਣਕਾਰੀ ਦਿਓ।

ਜਾਂ

ਵਾਕ ਦੀ ਪਰਿਭਾਸ਼ਾ ਦਿੰਦੇ ਹੋਏ, ਇਸ ਦੀ ਬਣਤਰ ਤੋਂ ਜਾਣੂ ਕਰਵਾਓ।

ਭਾਗ- ੲ

5. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ।

1) ਕੁਲਵੰਤ ਸਿੰਘ ਵਿਰਕ ਦੀ ਕਹਾਣੀ ਕਲਾ ਬਾਰੇ ਦੱਸੋ।

2) ਕੁਲਵੰਤ ਸਿੰਘ ਵਿਰਕ ਦਾ ਜਨਮ ਕਿੱਥੇ ਹੋਇਆ?

3) ਪ੍ਰੇਮ ਪ੍ਰਕਾਸ਼ ਦਾ ਜਨਮ ਕਦੋਂ ਅਤੇ ਕਿਥੇ ਹੋਇਆ?

4) ਪ੍ਰੇਮ ਪ੍ਰਕਾਸ਼ ਨੇ ਘਰ ਕਹਾਣੀ ਵਿੱਚ ਕੀ ਸੁਨੇਹਾ ਦਿੱਤਾ ਹੈ?

5) ਕਸਤੂਰੀ ਕਹਾਣੀ ਕਿਸ ਲੇਖਕ ਦੀ ਲਿਖੀ ਕਹਾਣੀ ਹੈ?

6) ਦਾਦੀ ਨੇ ਸੁਰੀਤ ਨੂੰ ਕੀ ਨਸੀਹਤ ਦਿੱਤੀ?

7) ਵਾਰਸ ਕਹਾਣੀ ਦਾ ਸਿਰਲੇਖ ਕਿੰਨਾ ਕੁ ਢੁਕਵਾਂ ਹੈ?

8) ਜਮੀਲ ਕੋਣ ਸੀ?

9) ਵਿਆਕਰਨਕ ਇਕਾਈ ਵਚਨ ਬਾਰੇ ਜਾਣਕਾਰੀ ਦਿਓ।

10) ਪੰਜਾਬੀ ਵਿੱਚ ਲਿੰਗ ਬਾਰੇ ਦੱਸੋ?

11) ਪੁਰਖ ਬਾਰੇ ਤੁਸੀਂ ਕੀ ਜਾਣਦੇ ਹੋ?

12) ਉਪਵਾਕ ਕੀ ਹੁੰਦਾ ਹੈ?

13) ਸਵਾਧੀਨ ਅਤੇ ਪਰਾਧੀਨ ਉਪਵਾਕ ਵਿਚਲਾ ਅੰਤਰ ਸਪਸ਼ਟ ਕਰੋ।

14) ਵਾਕ ਰਚਨਾ ਬਾਰੇ ਜਾਣਕਾਰੀ ਦਿਓ।

15) ਵਾਕ ਦੀਆਂ ਕਿੰਨੀਆਂ ਕਿਸ਼ਮਾਂ ਹੁੰਦੀਆਂ ਹਨ?